**BCM School Basant Avenue Dugri ludhiana**

**Class XII**

**Subject -Punjabi (104)**

**Assignment**

1.ਅਡਵਾਂਸ ਪੜ੍ਹਨ-ਕੰਸ਼ਲ

ਹੇਠ ਲਿਖੇ ਵਾਰਤਕ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸ ਦੇ ਹੇਠਾਂ ਪੁੱਛ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰਾਂ ਦੀ ਚੋਣ ਕਰੋ -

ਧੰਨ ਨੇ ਉਹ, ਨੈਣ ਜੋ ਕਦੇ-ਕਦਾਈਂ ਪੇਮ-ਨੀਰ ਨਾਲ ਭਰ ਆਉਂਦੇ ਹਨ। ਰੋਜ਼ ਗੰਗਾ-ਜਲ ਨਾਲ ਤਾਂ ਇਸ਼ਨਾਨ ਹੁੰਦਾ ਹੀ ਏ, ਪਰੰਤੂ ਜਿਸ ਪੁਰਖ ਨੇ ਨੈਣਾ ਦੀ ਪ੍ਰੇਮ-ਧਾਰਾ ਵਿੱਚ ਕਦੇ ਇਸ਼ਨਾਨ ਕੀਤਾ ਹੈ, ਉਹੀ ਜਾਣਦਾ ਹੈ ਕਿ ਇਸ ਇਸ਼ਨਾਨ ਨਾਲ ਮਨ ਦੇ ਮਲੀਨ ਭਾਵ ਕਿਸ ਤਰ੍ਹਾਂ ਵਗ ਜਾਂਦੇ ਹਨ, ਅੰਦਰ ਕਿਵੇਂ ਫੁੱਲ ਵਾਂਗ ਖਿੜ ਜਾਂਦਾ ਹੈ, ਮਨ ਦੀਆਂ ਗੰਢਾ ਕਿਸ ਪ੍ਰਕਾਰ ਖੁੱਲ੍ਹ ਜਾਂਦੀਆਂ ਹਨ, ਕੁਟਲਤਾ ਤੇ ਨੀਚਤਾ ਦਾ ਪਰਬਤ ਕਿਵੇਂ ਚਕਨਾਚੂਰ ਹੋ ਜਾਂਦਾ ਹੈ। ਸਾਉਣ-ਭਾਦੋਂ ਦੀ ਵਰਖਾ ਪਿੱਛੋਂ ਬਿਰਖ ਨਵੀਆਂ-ਨਵੀਆਂ ਕਰੂੰਬਲਾਂ ਨਾਲ ਭਰੇ ਇੱਕ ਵਚਿੱਤਰ ਮਨਮੋਹਨੀ ਸੋਭਾ ਦਿੰਦੇ ਹਨ, ਉਵੇਂ ਇਸ ਪ੍ਰੇਮ-ਇਸ਼ਨਾਨ ਨਾਲ ਮਨੁੱਖ ਦੇ ਅੰਦਰਲੇ ਦੀ ਅਵਸਥਾ ਸੁੱਚੀ, ਕੋਮਲ ਤੇ ਰਸ-ਭਿੰਨੀ ਹੋ ਜਾਂਦੀ ਹੈ। ਪ੍ਰੇਮ-ਧਾਰਾ ਦੇ ਜਲ ਨਾਲ ਸਿੰਜਿਆ ਮਨ ਖਿੜ ਜਾਂਦਾ ਹੈ।ਮਨ ਦੀ ਵਾੜੀ ਵਿੱਚ ਪਵਿੱਤਰ ਭਾਵਾਂ ਦੇ ਬੂਟੇ ਉੱਗਦੇ, ਵਧਦੇ ਤੇ ਫੁੱਲਦੇ ਹਨ। ਵਰਖਾ ਤੇ ਨਦੀ ਦੇ ਜਲ ਕਾਰਨ ਤਾਂ ਅੰਨ ਪੈਦਾ ਹੁੰਦਾ ਹੈ, ਪਰ ਨੈਣਾਂ ਦੀ ਗੰਗਾ ਪ੍ਰੇਮ ਤੇ ਵੈਰਾਗ ਦੁਆਰਾ ਮਨੁੱਖੀ ਜੀਵਨ ਨੂੰ ਅੱਗ ਤੇ ਬਰਫ਼ ਦੀ ਪਾਹੁਲ ਦਿੰਦੀ ਹੈ ਤੇ ਇੱਕ ਨਵਾਂ ਜਨਮ ਹੁੰਦਾ ਹੈ। ਮਾਨੋ ਕੁਦਰਤ ਨੇ ਹਰ ਬੰਦੇ ਲਈ ਇਸ ਨੈਣ-ਨੀਰ ਦੇ ਰੂਪ ਵਿੱਚ ਮਸੀਹਾ ਭੇਜਿਆ ਹੋਵੇ, ਜਿਸ ਹੱਥੀ ਹਰ ਕੋਈ ਨਰ ਤੇ ਨਾਰੀ ਕ੍ਰਿਤਾਰਥ ਹੋ ਸਕਦੇ ਹਨ। ਇਹ ਉਹ ਜੰਞੂ ਹੈ, ਜਿਸ ਨੂੰ ਪਹਿਨ ਕੇ ਹਰ ਆਦਮੀ ਦਿਜ (ਬ੍ਰਾਹਮਣ) ਹੋ ਸਕਦਾ ਹੈ।

(1)ਕਿਹੜੇ ਨੈਣ ਧੰਨ ਹਨ ?

(ੳ) ਜੋ ਕਦੇ ਕਦਾਈਂ ਪ੍ਰੇਮ-ਨੀਰ ਨਾਲ ਭਰ ਜਾਂਦੇ ਹਨ।

(ਅ) ਜੋ ਕਦੇ ਕਦਾਈਂ ਅੱਥਰੂਆਂ ਨਾਲ ਭਰ ਜਾਂਦੇ ਹਨ।

(ੲ) ਜੋ ਪ੍ਰੇਮ-ਧਾਰਾ ਵਿੱਚ ਵਹਿੰਦੇ ਹਨ।

(ਸ) ਜੋ ਮਹਾਂਪੁਰਖਾਂ ਦੇ ਦਰਸ਼ਨ ਕਰਦੇ ਹਨ।

(2)ਪ੍ਰੇਮ-ਧਾਰਾ ਦੇ ਇਸ਼ਨਾਨ ਨਾਲ ਕੀ ਹੁੰਦਾ ਹੈ ?

(ੳ) ਸਰੀਰ ਸੁੰਦਰ ਹੁੰਦਾ ਹੈ। (ੲ) ਮੁਕਤੀ ਮਿਲਦੀ ਹੈ

(ਅ) ਮਨ ਦੇ ਮਲੀਨ ਭਾਵ ਸਾਫ਼ ਹੁੰਦੇ ਹਨ (ਸ) ਮਨ 'ਚ ਖੇੜਾ ਆ ਜਾਂਦਾ ਹੈ

(3) ਨਵੀਆਂ ਕਰੂੰਬਲਾਂ ਨਾਲ ਭਰੇ ਰੁੱਖ ਕਦੋਂ ਸ਼ੋਭਾ ਦਿੰਦੇ ਹਨ?

(ੳ) ਸਾਉਣ ਭਾਦੋਂ ਦੀ ਵਰਖਾ ਪਿੱਛੇ

(ਅ) ਸਾਉਣ ਦੀ ਵਰਖਾ ਤੋਂ ਪਹਿਲਾਂ

(ੲ) ਸਰਦੀਆਂ ਵਿੱਚ

(ਸ) ਜਦੋਂ ਫੁੱਲ-ਪੱਤਿਆਂ ਨਾਲ ਭਰੇ ਹੋਣ

(4) ਮਨ ਦੀ ਵਾੜੀ ਵਿੱਚ ਕਿਹੋ ਜਿਹੇ ਬੂਟੇ ਉੱਗਦੇ ਹਨ ?

(ੳ) ਹਰੇ ਭਰੇ

(ਅ) ਪਵਿੱਤਰ ਭਾਵਾਂ ਵਾਲੇ

(ੲ) ਫੁੱਲਾਂ ਲੱਦੇ

(ਸ) ਫ਼ਲਦਾਰ

(5) ਵਰਖਾ ਤੇ ਨਦੀ ਦੇ ਜਲ ਨਾਲ ਕੀ ਪੈਦਾ ਹੁੰਦਾ ਹੈ ?

(ੳ) ਅੰਨ

(ਅ) ਪਾਣੀ

(ੲ) ਹਰਿਆਵਲ

(ਸ) ਰੁੱਖ

(6) ਨੈਣਾਂ ਦੀ ਗੰਗਾ ਮਨੁੱਖੀ ਜੀਵਨ ਨੂੰ ਅੱਗ ਤੇ ਬਰਫ਼ ਦੀ ਪਾਹੁਲ ਕਿਸ ਤਰ੍ਹਾਂ ਦਿੰਦੀ ਹੈ ?

(ੳ) ਸਿਰਫ ਪ੍ਰੇਮ ਨਾਲ

(ਅ) ਸਿਰਫ਼ ਵੈਰਾਗ ਦੁਆਰਾ

(ੲ) ਪ੍ਰੇਮ ਤੇ ਵੈਰਾਗ ਦੁਆਰਾ

(ਸ) ਜਲ-ਧਾਰਾ ਦੁਆਰਾ

(7) 'ਨੈਣ' ਸ਼ਬਦ ਦਾ ਅਰਥ ਦੱਸੋ।

(ੳ)ਅੱਖ

(ਅ)ਜਲ

(ੲ) ਨਦੀ

(ਸ) ਪ੍ਰੇਮ

(8)ਪੈਰੇ ਦਾ ਢੁਕਦਾ ਸਿਰਲੇਖ ਦੱਸੋ।

(ੳ)ਪਾਣੀ

(ਅ)ਜਲ

(ੲ) ਪ੍ਰੇਮ ਤੇ ਵੈਰਾਗ

(ਸ) ਪ੍ਰੇਮ

2. ਪ੍ਰਭਾਵਸ਼ਾਲੀ ਲਿਖਣ-ਕੌਸ਼ਲ

ਤੁਹਾਡੇ ਕਸਬੇ ਵਿੱਚ ਦੋ ਪਹੀਆ ਵਾਹਨਾਂ ਦੀ ਮੰਗ ਦਿਨੋਂ ਦਿਨ ਵਧ ਰਹੀ ਹੈ। ਜਿਸ ਤੇ ਚਲਦਿਆਂ ਹੀਰੋ ਮੋਟਰਜ਼ ਦਿੱਲੀ ਤੋਂ ਏਜੰਸੀ ਲੈਣ ਲਈ ਆਪਣੀ ਯੋਗਤਾ ਤੇ ਸਮਰੱਥਾ ਦੱਸਦੇ ਹੋਏ ਪੱਤਰ ਲਿਖੋ। **ਜਾਂ**

ਤੁਸੀਂ ਇੱਕ ਪੜ੍ਹੇ ਲਿਖੇ ਕਿਸਾਨ ਹੋ। ਆਪਣੇ ਜ਼ਿਲ੍ਹੇ ਦੇ ਕ੍ਰਿਸ਼ੀ-ਵਿਗਿਆਨ ਕੇਂਦਰ ਨੂੰ ਖੇਤੀ-ਬਾੜੀ ਸਹਾਇਕ ਧੰਦਿਆਂ ਬਾਰੇ ਸਿਖਲਾਈ ਕੋਰਸ ਕਰਨ ਬਾਰੇ ਪੱਤਰ ਲਿਖੋ।

3.ਕਿਸੇ ਇੱਕ ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੇਰਾ-ਰਚਨਾ ਕਰੋ।

ਸੰਤੁਲਿਤ ਭੋਜਨ

**ਜਾਂ**

ਕਿੱਤਾ ਚੋਣ ਦੀ ਮਹੱਤਤਾ

4.ਵਿਹਾਰਕ ਵਿਆਕਰਨ-ਹੇਠ ਲਿਖੇ ਵਾਕਾਂ ਦਾ ਬਰੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ:-

(1) ਕੁਸੰਗਤ ਕਰਨ ਵਾਲੇ ਲੋਕਾਂ ਨੂੰ ਹਮੇਸ਼ਾ ਬਦਨਾਮੀ ਮਿਲਦੀ ਹੈ। (ਨਾਂਹ ਵਾਚਕ ਵਾਕ )

(ii) ਜੇ ਮਾਲੀ ਮਿਹਨਤ ਕਰੇਗਾ ਤਾਂ ਸਬਜ਼ੀ ਚੰਗੀ ਹੋਵੇਗੀ। (ਸੰਯੁਕਤ-ਵਾਕ)

(iii) ਜੇ ਸੈਰ ਨਹੀਂ ਕਰਗੇ ਤਾਂ ਬਿਮਾਰ ਹੋ ਜਾਵੇਗੇ । (ਹਾਂ-ਵਾਚਕ ਵਾਕ)

5. ਅਖਾਣ/ਅਖਾਉਂਤਾ

ਹੇਠ ਦਿੱਤੇ ਗਏ ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਉਹਨਾਂ ਦੀ ਸਥਿਤੀ

ਸਪਸ਼ਟ ਹੋ ਜਾਵੇ :

(I) ਆਪਣੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਏ।

(ii) ਠੂਠਾ ਫੁੱਟ ਕੇ ਛੰਨਾ ਮਿਲਿਆ।

(iii) ਸਵੈ ਭਰੋਸਾ ਵੱਡਾ ਤੋਸਾ।

(iv) ਕੁੱਤਾ ਭੌਂਕੇ ਬੱਦਲ ਗੱਜ, ਨਾ ਉਹ ਵੱਢੇ ਨਾ ਉਹ

(v) ਘਰ ਵੱਸਦਿਆਂ ਦੇ, ਸਾਕ ਮਿਲਦਿਆਂ ਦੇ ਤੇ ਖੇਤ ਵਾਹੁੰਦਿਆਂ ਦੇ

ਸਾਹਿਤ

6.ਕਵਿਤਾਵਾਂ ਵਿੱਚੋਂ (ਪਾਠ-ਪੁਸਤਕ ਆਧਾਰਿਤ ਪ੍ਰਸ਼ਨ)

ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ,

ਫੁੱਲਾਂ ਨਾਲ ਗੁੰਦੇ ਲੜੀ ਹੀਰਿਆਂ ਦੇ ਹਾਰ ਦੀ।

ਜੰਗ ਵਿੱਚੋਂ ਲੜ ਕੇ ਸਿਪਾਹੀ ਮੇਰੇ ਆਣਗੇ,

ਚੰਨਾਂ ਦਿਆਂ ਚਿਹਰਿਆਂ 'ਚੋਂ ਚੰਨ ਮੁਸਕਾਣਗੇ,

ਵਿਹੜੇ ਵਿੱਚ ਠਾਠਾ ਮਾਰੂ ਖ਼ੁਸ਼ੀ ਸੰਸਾਰ ਦੀ

ਚੁੰਮ ਚੁੰਮ ਰੱਖੋ......।

**ਜਾਂ**

ਏਨੇ ਨੂੰ ਗੁਬੰਦ ਦਾ ਆਡਾ ਟੋਟੇ-ਟੋਟੇ ਹੋਇਆ,

ਚੀਕਾਂ, ਕੂਕਾਂ ਤੇ ਫ਼ਰਿਆਦਾਂ, ਜਾ ਅੰਬਰ ਨੂੰ ਛੋਹਿਆ।

ਹੜ੍ਹ ਮਜ਼ਦੂਰਨੀਆਂ ਦਾ ਵਗਿਆ, ਨਾਲ ਮਜੂਰ ਹਜ਼ਾਰਾਂ,

ਚੁੱਕ ਕਹੀਆਂ, ਦੁਰਮਟ, ਤੇਸੇ ਬੱਝੇ ਵਿੱਚ ਵਗਾਰਾ।

7. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਠੀਕ ਦਾ ਨਿਸ਼ਾਨ ਲਾਓ:

1. ਟੁਕੜੀ ਜੱਗ ਤੋਂ ਨਿਆਰੀ ਕਵਿਤਾ ਦੇ ਕਵੀ ਦਾ ਕੀ ਨਾਮ ਹੈ ?

(ੳ) ਪ੍ਰੋਫੈਸਰ ਮੋਹਨ ਸਿੰਘ

(ਅ) ਨੰਦ ਲਾਲ ਨੂਰਪੁਰੀ

(ੲ) ਹਰਭਜਨ ਸਿੰਘ

(ਸ) ਇਹਨਾਂ ਵਿੱਚੋਂ ਕੋਈ ਨਹੀਂ

(ii) ਮਾਂ ਕਿਸ ਦੀ ਛਾਵੇਂ ਸੋਣਾ ਚਾਹੁੰਦੀ ਹੈ ?

(ੳ) ਪੁੱਤਰ ਦੀ

(ਅ) ਪਤੀ ਦੀ

(ੲ) ਪਿਉ ਦੀ

(ਸ) ਦਾਦੇ ਦੀ

(iii) ਤਾਜ ਮਹਲ ਦੀ ਉਸਾਰੀ ਕਰਨ ਵਾਲੇ ਮਜਦੂਰਾਂ ਦੇ ਹੱਥਾਂ ਦੀ ਹਾਲਤ ਕਿਹੋ ਜਿਹੀ ਸੀ ?

(ੳ) ਮਹਿੰਦੀ ਨਾਲ ਰੰਗੇ

(ਅ) ਛਾਲਿਆਂ ਵਾਲੀ

(ੲ) ਸੁੱਜੇ ਹੋਏ

(ਸ) ਸੁੱਕੇ ਹੋਏ ਪਿੰਜਰ

(iv) ਬਾਂਸ ਦੀ ਵੰਝਲੀ ਨੇ ਕਾਹਦਾ ਰੂਪ ਧਾਰਨ ਕਰ ਲਿਆ ਸੀ ?

(ੳ) ਵੰਝਲੀ ਦਾ

(ਅ) ਨਾਗ ਦਾ

(ੲ) ਨਾਗਨ ਦਾ

ਕਹਾਣੀ ਵਿੱਚੋਂ

8. ਮਾੜਾ ਬੰਦਾ ' ਕਹਾਣੀ ਦੇ ਵਿਸ਼ਾ-ਵਸਤੂ ਬਾਰੇ 125 ਤੋਂ 150 ਸ਼ਬਦਾਂ ਵਿੱਚ ਚਰਚਾ ਕਰੋ।

ਜਾਂ

'ਨੀਲੀ' ਕਹਾਣੀ ਦੇ ਆਧਾਰ 'ਤੇ 'ਨੀਲੀ' ਦਾ ਪਾਤਰ-ਚਿਤਰਨ 125 ਤੋਂ 150 ਸ਼ਬਦਾਂ ਵਿੱਚ ਕਰੋ।

9.ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਠੀਕ ਦਾ ਨਿਸ਼ਾਨ ਲਾਓ :

1.ਕਹਾਣੀ ਦਾ ਕਿਹੜਾ ਪਾਤਰ ਬਹੁਤ ਬੇਚੈਨ ਹੈ, ਪਰ ਜ਼ਾਹਰ ਨਹੀਂ ਕਰਦਾ ?

(ੳ) ਲੇਖਕ ਦੀ ਪਤਨੀ

(ੲ) ਰਿਕਸ਼ੇ ਵਾਲਾ

(ਅ) ਲੇਖਕ

(ਸ) ਲੇਖਕ ਦਾ ਵੱਡਾ ਬੇਟਾ

(ii) 'ਸਾਂਝ' ਕਹਾਣੀ ਦੇ ਮੁੱਖ ਪਾਤਰ ਦਾ ਕੀ ਨਾਂ ਹੈ ?

(ੳ) ਐੱਮ.ਐੱਲ. ਮਲਹੋਤਰਾ

(ੲ) ਐੱਮ.ਐੱਸ. ਮਲਹੋਤਰਾ

(ਅ) ਐੱਲ.ਐੱਮ. ਮਲਹੋਤਰਾ

(ਸ) ਐਮ.ਐਮ. ਮਲਹੋਤਰਾ

(iii)ਗਾਗਰ ਕਿਹੜੀ ਧਾਤ ਦੀ ਬਣੀ ਹੋਈ ਸੀ?

(ੳ) ਐਲੂਮੀਨੀਅਮ ਦੀ

(ਅ) ਪਿੱਤਲ ਦੀ

(ੲ) ਚਾਂਦੀ ਦੀ

(ਸ) ਤਾਂਬੇ ਦੀ

(iv) ਮਾਈ ਦਾ ਘਰ ਗੁਰਦੁਆਰੇ ਤੋਂ ਕਿੰਨੀ ਦੂਰੀ ਤੇ ਸੀ ?

(ੳ) ਚਾਰ ਪੰਜ ਮੀਲ

(ੲ) ਪੰਜ-ਸੱਤ ਮੀਲ

(ਸ) ਚੌਦਾਂ ਪੰਦਰਾਂ ਮੀਲ

10. ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸਬਦਾਂ ਵਿੱਚ ਲਿਖੋ :ਕੋਈ ਚਾਰ ਕਰੋ

(I )ਪ੍ਰੋਫੈਸਰ ਲਾਲ ਚੀਰੇ ਵਾਲੇ ਸਾਈਕਲ ਸੁਆਰ ਬਾਰੇ ਕੀ ਸੋਚਦਾ ਹੈ ?

(ii) ‘ਨੀਲੀ ਦੀ ਵੱਛੀ ਕਿਉਂ ਮਰ ਗਈ ਸੀ ?

(iii) ਲੇਖਕ ਪੁਲਿਸ ਵਾਲਿਆਂ ਨੂੰ ਫੋਨ ‘ਤੇ ਕੀ ਤੇ ਕਿਉਂ ਦੱਸਣਾ ਚਾਹੁੰਦਾ ਸੀ ?

(iv) ਲੇਖਕ ਦੀ ਪਤਨੀ ਦਾ ਨੀਲੀ ਕਹਾਣੀ ਦੇ ਵਿੱਚ ਸੁਭਾਅ ਕਿਹੋ ਜਿਹਾ ਸੀ?

(v) ‘ਉਹ ਉੱਥੇ ਹੀ ਖੜ੍ਹਾ ਸੀ। ਕਹਾਣੀ ਦੇ ਪਹਿਲੇ ਹੀ ਵਾਕ ਵਿੱਚ ‘ਉਹ’ ਕੌਣ ਸੀ ਤਾਂ ਉਹ ਉੱਥੇ ਕਿਉਂ ਖੜਾ

ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ

11. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ -

1.ਹੋਲੀ ਦਾ ਤਿਉਹਾਰ ਕਿਹੜੇ ਮਹੀਨੇ ‘ਚ ਆਉਂਦਾ ਹੈ?

(ੳ) ਪੋਹ ਮਹੀਨੇ ਵਿੱਚ

(ਅ) ਫੱਗਣ ਮਹੀਨੇ ਵਿੱਚ

(ੲ) ਮਾਘ ਮਹੀਨੇ ਵਿੱਚ

(ਸ) ਹਾੜ੍ਹ ਮਹੀਨੇ ਵਿੱਚ

(ii) ‘ਲੋਹਾ’ ਕਿਸ ਦਾ ਚਿੰਨ੍ਹ ਮੰਨਿਆ ਜਾਂਦਾ ਹੈ ?

(ੳ) ਭਾਰ ਦਾ

(ੲ) ਬਚਾਅ ਦਾ

(ਅ) ਸ਼ਕਤੀ ਦਾ

(ਸ) ਹਿੰਮਤ ਦਾ

(iii ਪੰਛੀਆਂ ਰਾਹੀਂ ਸੁਨੇਹੜੇ ਭੇਜਣ ਦੀਆਂ ਮੁਦਰਾਵਾਂ ਕਿਹੜੇ ਲੋਕ-ਨਾਚ ਨਾਲ ਸੰਬੰਧਤ ਹਨ?

(ੳ) ਭੰਗੜੇ ਨਾਲ

(ਅ) ਸੰਮੀ ਨਾਲ

(ੲ) ਲੁੱਡੀ ਨਾਲ

(ਸ) ਗਿੱਧੇ ਨਾਲ

12. ਹੇਠ ਦਿੱਤੇ ਪ੍ਰਸ਼ਨਾਂ  ਦੇ ਉੱਤਰ 70 ਤੋਂ 80 ਸ਼ਬਦਾਂ ਵਿੱਚ ਲਿਖੋ:-

(i) ਦੇਵੀ ਮਾਤਾ ਦੇ ਮੇਲਿਆਂ ਦਾ ਕੀ ਪਿਛੋਕੜ ਹੈ ?

(II) ਪੰਜਾਬ ਦੇ ਲੋਕ-ਨਾਚਾਂ ਦੀ ਪਰੋਪਰਾ ਜਾਂ ਪ੍ਰਾਚੀਨਤਾ ਦਾ ਕਿਵੇਂ ਪਤਾ ਲੱਗਦਾ ਹੈ ?